

# IBAC ਦੀ ਭੂਮਿਕਾ ਅਤੇ ਗ਼ਲਤ-ਆਚਰਣ ਦੀ ਰਿਪੋਰਟ ਕਰਨਾ

## ਵਿਕਟੋਰੀਆ ਦੇ ਪੁਲਿਸ ਕਰਮਚਾਰੀਆਂ ਲਈ ਜਾਣਕਾਰੀ

### ਵਿਕਟੋਰੀਆ ਪੁਲਿਸ ਦੇ ਕਰਮਚਾਰੀਆਂ ਦਾ ਹਰ ਸਮੇਂ ਨੈਤਿਕਤਾ ਨਾਲ ਕੰਮ ਕਰਨਾ ਲਾਜ਼ਮੀ ਹੈ

ਵਿਕਟੋਰੀਆ ਪੁਲਿਸ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਅਤੇ ਮਹਿਫੂਜ਼ ਰੱਖਣ ਲਈ ਇੱਕ ਅਤਿ ਅਹਿਮ ਭੂਮਿਕਾ ਨਿਭਾਉਂਦੀ ਹੈ, ਅਤੇ ਕਰਮਚਾਰੀਆਂ ਨੂੰ ਮਹੱਤਵਪੂਰਨ ਸ਼ਕਤੀਆਂ ਸੌਂਪੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਵਰਤੋਂ ਹਮੇਸ਼ਾ ਜ਼ਿੰਮੇਵਾਰੀ ਨਾਲ ਕੀਤੀ ਜਾਣੀ ਲਾਜ਼ਮੀ ਹੈ।

ਵਿਕਟੋਰੀਆ ਪੁਲਿਸ ਵਿੱਚ ਤੁਹਾਡੀ ਭੂਮਿਕਾ ਜੋ ਵੀ ਹੋਵੇ, ਸਾਰੇ ਕਰਮਚਾਰੀਆਂ ਨੂੰ ਨੈਤਿਕਤਾ ਨਾਲ ਕੰਮ ਕਰਨ ਦੀ ਲੋੜ ਹੈ - ਕਾਨੂੰਨ ਨੂੰ ਬਰਕਰਾਰ ਰੱਖਣਾ ਅਤੇ ਲੋਕਾਂ ਦੇ ਭਰੋਸੇ ਅਤੇ ਵਿਸ਼ਵਾਸ ਨੂੰ ਬਣਾਈ ਰੱਖਣਾ ਤੁਹਾਡਾ ਫਰਜ਼ ਹੈ। ਜੇਕਰ ਕੋਈ ਇੱਕ ਵਿਅਕਤੀ ਮਾੜਾ ਕੰਮ ਕਰਦਾ ਹੈ, ਤਾਂ ਇਹ ਸਮਾਜ ਅਤੇ ਹੋਰ ਪੁਲਿਸ ਕਰਮਚਾਰੀਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਪੁਲਿਸ ਦਾ ਗ਼ਲਤ-ਆਚਰਣ ਜਾਂਚ-ਪੜਤਾਲ ਵਿੱਚ ਰੁਕਾਵਟ ਖੜ੍ਹੀ ਕਰ ਸਕਦਾ ਹੈ, ਅਪਰਾਧਿਕ ਨਿਆਂ ਪ੍ਰਣਾਲੀ ਦੀ ਪ੍ਰਭਾਵਸ਼ੀਲਤਾ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ ਅਤੇ ਵਿਕਟੋਰੀਆ ਪੁਲਿਸ ਦੀ ਸਾਖ ਨੂੰ ਕਮਜ਼ੋਰ ਕਰ ਸਕਦਾ ਹੈ।

### IBAC ਵਿਕਟੋਰੀਆ ਦੀ ਖੁਦਮੁਖਤਿਆਰ ਪੁਲਿਸ ਨਿਗਰਾਨ ਏਜੰਸੀ ਹੈ

ਅਸੀਂ ਇੱਥੇ ਸਾਰੇ ਵਿਕਟੋਰੀਆ ਦੇ ਪੁਲਿਸ ਕਰਮਚਾਰੀਆਂ ਦੀ ਜਵਾਬਦੇਹੀ, ਅਤੇ ਸਾਡੇ ਰਾਜ ਦੀ ਸਮੁੱਚੀ ਅਖੰਡਤਾ ਨੂੰ ਮਜ਼ਬੂਤ ਕਰਨ ਦੇ ਟੀਚੇ ਨਾਲ ਵਿਕਟੋਰੀਆ ਪੁਲਿਸ ਵਿੱਚ ਗ਼ਲਤ-ਆਚਰਣ ਨੂੰ ਰੋਕਣ ਅਤੇ ਉਸਦਾ ਪਰਦਾਫਾਸ਼ ਕਰਨ ਲਈ ਮੌਜੂਦ ਹਾਂ।

- ਅਸੀਂ ਵਿਕਟੋਰੀਆ ਪੁਲਿਸ ਵਿੱਚ ਗ਼ਲਤ-ਆਚਰਣ ਦੀ ਜਾਂਚ ਅਤੇ ਉਸਦਾ ਪਰਦਾਫਾਸ਼ ਕਰਦੇ ਹਾਂ।
- ਅਸੀਂ ਇਸ ਬਾਰੇ ਸਲਾਹ ਦਿੰਦੇ ਹਾਂ ਕਿ ਇਸਦੇ ਦੁਬਾਰਾ ਹੋਣ ਦੇ ਜ਼ੋਖਮ ਨੂੰ ਕਿਵੇਂ ਘੱਟ ਕੀਤਾ ਜਾਵੇ।
- ਅਸੀਂ ਵਿਕਟੋਰੀਆ ਪੁਲਿਸ ਨੂੰ ਜਵਾਬਦੇਹ, ਪੇਸ਼ੇਵਰ ਅਤੇ ਨੈਤਿਕ ਰਹਿਣ ਵਿੱਚ ਮੱਦਦ ਕਰਨ ਲਈ ਸਿੱਖਿਅਤ ਕਰਦੇ ਹਾਂ।
- ਅਸੀਂ ਪੁਲਿਸ ਦੇ ਗ਼ਲਤ-ਆਚਰਣ ਬਾਰੇ ਸ਼ਿਕਾਇਤਾਂ ਬਾਰੇ ਜਵਾਬੀ ਕਾਰਵਾਈ ਕਰਦੇ ਹਾਂ ਅਤੇ ਅਸੀਂ ਉਨ੍ਹਾਂ ਨੂੰ ਗੰਭੀਰਤਾ ਨਾਲ ਲੈਂਦੇ ਹਾਂ।

**ਅਸੀਂ ਇਨ੍ਹਾਂ ਚੀਜ਼ਾਂ ਬਾਰੇ ਸ਼ਿਕਾਇਤਾਂ ਨਾਲ ਨਜਿੱਠਦੇ ਹਾਂ:**

- ਵਿਕਟੋਰੀਆ ਦੇ ਪੁਲਿਸ ਅਧਿਕਾਰੀਆਂ ਅਤੇ ਰੰਗਰੂਟਾਂ ਬਾਰੇ
- ਸੁਰੱਖਿਆ ਸੇਵਾਵਾਂ ਅਧਿਕਾਰੀਆਂ (PSOs) ਬਾਰੇ
- ਪੁਲਿਸ ਦੇ ਹਿਰਾਸਤੀ ਅਧਿਕਾਰੀਆਂ (PCOs) ਬਾਰੇ
- ਵਿਕਟੋਰੀਆ ਦੇ ਪਬਲਿਕ ਸਰਵਿਸ ਕਰਮਚਾਰੀਆਂ ਬਾਰੇ (VPS)।

### ਪੁਲਿਸ ਦਾ ਗ਼ਲਤ-ਆਚਰਣ ਕੀ ਹੁੰਦਾ ਹੈ?

ਸਾਡੇ ਕਾਨੂੰਨ ਅਨੁਸਾਰ, ਪੁਲਿਸ ਦੇ ਆਚਰਣ ਅਤੇ ਪੁਲਿਸ ਦੇ ਗ਼ਲਤ-ਆਚਰਣ ਵਿੱਚ ਅੰਤਰ ਹੈ। IBAC ਪੁਲਿਸ ਆਚਰਣ ਅਤੇ ਪੁਲਿਸ ਦੇ ਗ਼ਲਤ-ਆਚਰਣ ਬਾਰੇ ਸ਼ਿਕਾਇਤਾਂ ਪ੍ਰਾਪਤ ਕਰ ਸਕਦਾ ਹੈ।

ਪੁਲਿਸ ਦਾ ਗ਼ਲਤ-ਆਚਰਣ ਅਣਉਚਿਤ ਜਾਂ ਗ਼ੈਰ-ਕਾਨੂੰਨੀ ਵਿਵਹਾਰ ਵੀ ਹੋ ਸਕਦਾ ਹੈ। ਇਸਦਾ ਮਤਲਬ ਅਪਰਾਧਿਕ ਆਚਰਣ ਤੋਂ ਲੈ ਕੇ ਗ਼ਲਤ ਵਿਵਹਾਰ ਕਰਨ ਤੱਕ ਸਭ ਕੁੱਝ ਹੋ ਸਕਦਾ ਹੈ ਜੋ ਦੂਜੇ ਕਰਮਚਾਰੀਆਂ 'ਤੇ ਵੀ ਬੇਭਰੋਸਗੀ ਪੈਦਾ ਕਰਦਾ ਹੈ ਜਾਂ ਵਿਕਟੋਰੀਆ ਪੁਲਿਸ ਨੂੰ ਬਦਨਾਮ ਕਰਦਾ ਹੈ।

ਸਿੱਖਿਆ ਅਤੇ ਰੋਕਥਾਮ

ibac | Strengthening Victoria's Integrity




ਪੁਲਿਸ ਦੇ ਗ਼ਲਤ-ਆਚਰਣ ਵਿੱਚ ਇਹ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- ਬਹੁਤ ਜ਼ਿਆਦਾ ਬਲ ਦੀ ਵਰਤੋਂ ਕਰਨਾ
- ਪਿੱਛਾ ਕਰਨਾ, ਪਰਿਵਾਰਕ ਹਿੰਸਾ, ਹਮਲਾ, ਜਿਸਮਾਨੀ ਛੇੜਛਾੜ ਅਤੇ ਜਿਸਮਾਨੀ ਬਲਾਤਕਾਰ
- ਮਨੁੱਖੀ ਅਧਿਕਾਰਾਂ ਦੀ ਉਲੰਘਣਾ
- ਨਸਲ, ਧਰਮ, ਅਪਾਹਜਤਾ, ਉਮਰ, ਲਿੰਗ, ਲਿੰਗ ਪਛਾਣ, ਜਿਨਸੀ ਝੁਕਾਅ ਜਾਂ ਹੋਰ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਵਿਤਕਰਾ ਜਾਂ ਪੱਖਪਾਤ ਕਰਨਾ
- ਵਿਕਟੋਰੀਆ ਪੁਲਿਸ ਦੀ ਜਾਣਕਾਰੀ ਤੱਕ ਅਣਅਧਿਕਾਰਤ ਪਹੁੰਚ, ਵਰਤੋਂ ਜਾਂ ਖੁਲਾਸਾ ਕਰਨਾ
- ਸ਼ਰਾਬ ਪੀ ਕੇ ਗੱਡੀ ਚਲਾਉਣਾ ਜਾਂ ਟ੍ਰੈਫਿਕ ਅਪਰਾਧ ਕਰਨਾ
- ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨਾ, ਵੇਚਣਾ ਜਾਂ ਵਪਾਰ ਕਰਨਾ
- ਚੋਰੀ, ਰਿਸ਼ਵਤ ਲੈਣਾ
- ਹਿੱਤਾਂ ਦੇ ਟਕਰਾਅ ਦੀ ਘੋਸ਼ਣਾ ਜਾਂ ਪ੍ਰਬੰਧਨ ਨਾ ਕਰਨਾ
- ਉਨ੍ਹਾਂ ਸੰਬੰਧਾਂ ਦਾ ਐਲਾਨ ਨਾ ਕਰਨਾ ਜੋ ਉਹਨਾਂ ਦੀ ਭੂਮਿਕਾ ਦੇ ਅਨੁਕੂਲ ਨਹੀਂ ਹਨ ਜਾਂ ਜੋ ਕਿਸੇ ਵਾਜਬ ਵਿਅਕਤੀ ਨੂੰ ਇਹ ਸੋਚਣ ਲਈ ਮਜਬੂਰ ਕਰ ਸਕਦਾ ਹੈ ਕਿ ਉਹ ਵਿਕਟੋਰੀਆ ਪੁਲਿਸ ਕਰਮਚਾਰੀ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਜਾਂ ਵੱਕਾਰ ਨੂੰ ਬਰਕਰਾਰ ਨਹੀਂ ਰੱਖ ਰਹੇ ਹਨ
- ਅਣਅਧਿਕਾਰਤ ਤੌਰ 'ਤੇ ਕੋਈ ਹੋਰ ਰੁਜ਼ਗਾਰ ਕਰਨਾ
- ਪੁਲਿਸ ਸਰੋਤਾਂ ਦੀ ਦੁਰਵਰਤੋਂ ਕਰਨਾ
- ਅਪਮਾਨਜਨਕ ਸਮੱਗਰੀ ਵੰਡਣਾ
- ਲੌਗ ਬੁੱਕ, ਟਾਈਮ ਸ਼ੀਟਾਂ ਜਾਂ ਰਜਿਸਟਰਾਂ 'ਤੇ ਗ਼ਲਤ ਪੇਸ਼ਕਾਰੀ ਕਰਨਾ
- ਗ਼ਲਤ-ਆਚਰਣ ਦੀ ਰਿਪੋਰਟ ਕਰਨ ਵਿੱਚ ਅਸਫ਼ਲ ਹੋਣਾ
- ਅਪਮਾਨਜਨਕ ਜਾਂ ਗ਼ਲਤ ਵਿਵਹਾਰ ਕਰਨਾ (ਡਿਊਟੀ 'ਤੇ ਜਾਂ ਡਿਊਟੀ ਤੋਂ ਬਾਅਦ)
- ਵਿਕਟੋਰੀਆ ਪੁਲਿਸ ਜਾਂ ਇਸਦੇ ਕਰਮਚਾਰੀਆਂ ਨੂੰ ਬਦਨਾਮ ਕਰਨਾ।

## ਪੁਲਿਸ ਮੁਲਾਜ਼ਮਾਂ ਬਾਰੇ ਕੌਣ ਸ਼ਿਕਾਇਤ ਕਰ ਸਕਦਾ ਹੈ?

IBAC ਨੂੰ ਪੁਲਿਸ ਆਚਰਣ ਬਾਰੇ ਚਿੰਤਾਵਾਂ ਦੀ ਰਿਪੋਰਟ ਕੋਈ ਵੀ ਕਰ ਸਕਦਾ ਹੈ।

ਪੁਲਿਸ ਅਧਿਕਾਰੀ ਅਤੇ ਸੁਰੱਖਿਆ ਸੇਵਾਵਾਂ ਦੇ ਅਧਿਕਾਰੀ ਜੋ ਸ਼ੱਕੀ ਗ਼ਲਤ-ਆਚਰਣ ਦੇ ਗਵਾਹ ਹਨ ਜਾਂ ਇਸ ਬਾਰੇ ਸੁਚੇਤ ਹਨ, ਉਨ੍ਹਾਂ ਨੂੰ ਵਿਕਟੋਰੀਆ ਪੁਲਿਸ ਐਕਟ 2013 ਦੇ ਤਹਿਤ ਇਸਦੀ ਰਿਪੋਰਟ ਕਰਨ ਦੀ ਲੋੜ ਹੁੰਦੀ ਹੈ। ਵਿਕਟੋਰੀਆ ਪੁਲਿਸ ਦੇ ਕਰਮਚਾਰੀ ਸ਼ੱਕੀ ਗ਼ਲਤ-ਆਚਰਣ ਦੀ ਰਿਪੋਰਟ ਸੁਪਰਵਾਈਜ਼ਰ, ਪ੍ਰੋਫੈਸ਼ਨਲ ਸਟੈਂਡਰਡ ਕਮਾਂਡ ਜਾਂ IBAC ਨੂੰ ਕਰ ਸਕਦੇ ਹਨ।

ਕੋਈ ਵੀ ਵਿਅਕਤੀ ਵਿਕਟੋਰੀਆ ਪੁਲਿਸ ਨੂੰ ਪੁਲਿਸ ਦੇ ਗ਼ਲਤ-ਆਚਰਣ ਬਾਰੇ ਚਿੰਤਾਵਾਂ ਸੰਬੰਧੀ ਰਿਪੋਰਟ ਕਰ ਸਕਦਾ ਹੈ। ਕਾਨੂੰਨ ਅਨੁਸਾਰ, ਵਿਕਟੋਰੀਆ ਪੁਲਿਸ ਨੂੰ ਆਪਣੇ ਕਰਮਚਾਰੀਆਂ ਦੇ ਆਚਰਣ ਬਾਰੇ ਪ੍ਰਾਪਤ ਹੋਣ ਵਾਲੀ ਹਰੇਕ ਸ਼ਿਕਾਇਤ ਬਾਰੇ IBAC ਨੂੰ ਸੂਚਿਤ ਕਰਨਾ ਚਾਹੀਦਾ ਹੈ।

## ਕੀ ਹੁੰਦਾ ਹੈ ਜਦੋਂ IBAC ਨੂੰ ਵਿਕਟੋਰੀਆ ਪੁਲਿਸ ਕਰਮਚਾਰੀਆਂ ਬਾਰੇ ਸ਼ਿਕਾਇਤ ਮਿਲਦੀ ਹੈ?

IBAC ਹਰੇਕ ਸ਼ਿਕਾਇਤ ਦਾ ਧਿਆਨ ਨਾਲ ਮੁਲਾਂਕਣ ਕਰਦਾ ਹੈ। ਇਹ ਦੋਸ਼ਾਂ ਦਾ ਮੁਲਾਂਕਣ ਕਰਦਾ ਹੈ ਅਤੇ ਖੋਜ, ਹੋਰ ਸ਼ਿਕਾਇਤਾਂ ਅਤੇ ਖੁਫ਼ੀਆਂ ਜਾਣਕਾਰੀ ਦੀ ਸੱਚਾਈ ਲਈ ਜਾਂਚ ਕਰਦਾ ਹੈ।

ਫਿਰ IBAC ਇਹ ਫ਼ੈਸਲਾ ਕਰਦਾ ਹੈ ਕਿ ਕੀ:

- ਇਸ ਸ਼ਿਕਾਇਤ ਦੀ ਜਾਂਚ ਕਰਨੀ ਹੈ ਜਾਂ ਨਹੀਂ
- ਅਗਲੀ ਕਾਰਵਾਈ ਲਈ ਸ਼ਿਕਾਇਤ ਨੂੰ ਵਿਕਟੋਰੀਆ ਪੁਲਿਸ ਕੋਲ ਭੇਜਣਾ ਹੈ ਜਾਂ ਨਹੀਂ
- ਕੀ ਇਸ ਮਾਮਲੇ ਨੂੰ ਬਿਨਾਂ ਕਿਸੇ ਕਾਰਵਾਈ ਦੇ ਬੰਦ ਕਰਨਾ ਹੈ ਜਾਂ ਨਹੀਂ

## ਕੀ ਹੁੰਦਾ ਹੈ ਜਦੋਂ IBAC ਵਿਕਟੋਰੀਆ ਪੁਲਿਸ ਨੂੰ ਸ਼ਿਕਾਇਤ ਭੇਜਦਾ ਹੈ?

ਜਦੋਂ IBAC ਅਗਲੀ ਕਾਰਵਾਈ ਲਈ ਵਿਕਟੋਰੀਆ ਪੁਲਿਸ ਨੂੰ ਸ਼ਿਕਾਇਤ ਭੇਜਦਾ ਹੈ, IBAC ਚੁਣ ਸਕਦਾ ਹੈ:

- ਪੁਲਿਸ ਦੇ ਗ਼ਲਤ-ਆਚਰਣ ਦੀ ਜਾਂਚ-ਪੜਤਾਲ ਦੀ ਨਿਗਰਾਨੀ ਕਰਨ ਦੀ
- ਇਹ ਯਕੀਨੀ ਬਣਾਉਣ ਲਈ ਫ਼ੈਸਲਿਆਂ ਦੀ ਸਮੀਖਿਆ ਕਰਨ ਦੀ ਕਿ ਉਹ ਨਿਰਪੱਖ ਅਤੇ ਸੰਪੂਰਨ ਹਨ
- ਲੋੜ ਪੈਣ 'ਤੇ IBAC ਜਾਂਚ ਨੂੰ ਆਪਣੇ ਹੱਥ ਵਿੱਚ ਲੈਣ ਲਈ

ਜਦੋਂ ਵਿਕਟੋਰੀਆ ਪੁਲਿਸ ਦੁਆਰਾ ਕਿਸੇ ਮਾਮਲੇ ਦੀ ਜਾਂਚ ਕੀਤੀ ਜਾਂਦੀ ਹੈ, ਤਾਂ ਮੁੱਖ ਕਮਿਸ਼ਨਰ ਨੂੰ ਲਾਜ਼ਮੀ ਤੌਰ 'ਤੇ IBAC ਨੂੰ ਨਤੀਜਿਆਂ ਦੀ ਰਿਪੋਰਟ ਕਰਨੀ ਚਾਹੀਦੀ ਹੈ।

## ਤੁਹਾਨੂੰ ਕਿਵੇਂ ਸੁਰੱਖਿਅਤ ਕੀਤਾ ਜਾਵੇਗਾ?

ਵਿਕਟੋਰੀਆ ਪੁਲਿਸ ਦੇ ਕਰਮਚਾਰੀ ਹੋਣ ਦੇ ਨਾਤੇ, ਜੇਕਰ ਤੁਸੀਂ IBAC ਨੂੰ ਸ਼ਿਕਾਇਤ ਕਰਦੇ ਹੋ ਤਾਂ ਤੁਹਾਨੂੰ ਪਬਲਿਕ ਇੰਟਰਸਟ ਡਿਸਕਲੋਜ਼ਰ ਐਕਟ 2012 ਦੇ ਤਹਿਤ ਕਾਨੂੰਨੀ ਤੌਰ 'ਤੇ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

IBAC ਇਹ ਫ਼ੈਸਲਾ ਕਰਨ ਲਈ ਹਰ ਸ਼ਿਕਾਇਤ ਦਾ ਮੁਲਾਂਕਣ ਕਰਦਾ ਹੈ ਕਿ ਕੀ ਇਹ ਖੁਲਾਸਾ ਜਨਤਕ ਹਿੱਤ ਵਿੱਚ ਹੈ। ਜੇਕਰ ਤੁਹਾਡੀ ਸ਼ਿਕਾਇਤ ਦਾ ਖੁਲਾਸਾ ਜਨਤਕ ਹਿੱਤ ਵਿੱਚ ਹੈ:

- IBAC ਤੁਹਾਡੇ ਨਾਮ ਜਾਂ ਹੋਰ ਨਿੱਜੀ ਵੇਰਵਿਆਂ ਨੂੰ ਕਿਸੇ ਨਾਲ ਸਾਂਝਾ ਨਹੀਂ ਕਰੇਗਾ, ਸਿਵਾਏ ਉਸਦੇ ਜਿੱਥੇ ਕਾਨੂੰਨ ਦੁਆਰਾ ਅਜਿਹਾ ਕਰਨ ਦੀ ਆਗਿਆ ਦਿੱਤੀ ਗਈ ਹੋਵੇ
- ਸ਼ਿਕਾਇਤ ਕਰਨ ਲਈ ਤੁਹਾਨੂੰ ਨੌਕਰੀ ਤੋਂ ਕੱਢਿਆ ਨਹੀਂ ਜਾ ਸਕਦਾ, ਅਨੁਸ਼ਾਸਿਤ ਜਾਂ ਧੱਕੇਸ਼ਾਹੀ ਨਹੀਂ ਕੀਤੀ ਜਾ ਸਕਦੀ ਹੈ।
- ਤੁਸੀਂ ਮਾਣਹਾਨੀ ਅਤੇ ਸਿਵਲ ਦੇਣਦਾਰੀ ਵਰਗੀਆਂ ਕਾਨੂੰਨੀ ਕਾਰਵਾਈਆਂ ਤੋਂ ਸੁਰੱਖਿਅਤ ਹੋ।

## ਗ਼ਲਤ-ਆਚਰਣ ਦੀ ਰਿਪੋਰਟ ਨਾ ਕਰਨਾ ਜਾਂ ਉਸ 'ਤੇ ਪਰਦਾ ਪਾਉਣਾ ਵੀ ਗ਼ਲਤ-ਆਚਰਣ ਦਾ ਹੀ ਇੱਕ ਰੂਪ ਹੈ

ਗ਼ਲਤ-ਆਚਰਣ ਨੂੰ ਗੁਪਤ ਰੱਖਣ ਜਾਂ ਛੁਪਾਉਣ ਦੀ ਕਾਰਵਾਈ, ਜਾਂ ਗ਼ਲਤ-ਆਚਰਣ ਦੀ ਰਿਪੋਰਟ ਕਰਨ ਜਾਂ ਜਾਂਚ ਕਰਨ ਵਿੱਚ ਅਸਫ਼ਲ ਰਹਿਣਾ ਵੀ ਗ਼ਲਤ-ਆਚਰਣ ਦਾ ਹੀ ਇੱਕ ਰੂਪ ਹੈ।

ਗ਼ਲਤ-ਆਚਰਣ 'ਤੇ ਪਰਦਾ ਪਾਉਣ ਵਿੱਚ ਇਹ ਗੱਲਾਂ ਸ਼ਾਮਲ ਹੋ ਸਕਦੀਆਂ ਹਨ:

- ਸ਼ੱਕੀ ਗ਼ਲਤ-ਆਚਰਣ ਬਾਰੇ ਉਚਿਤ ਵਿਅਕਤੀ ਨੂੰ ਨਾ ਦੱਸਣਾ
- ਕਿਸੇ ਘਟਨਾ ਬਾਰੇ ਜਾਣਬੁੱਝ ਕੇ ਗੁੰਮਰਾਹ ਕਰਨਾ ਜਾਂ ਉਸਨੂੰ ਛੁਪਾਉਣਾ
- ਪੁਲਿਸ ਦੇ ਗ਼ਲਤ-ਆਚਰਣ ਦੇ ਪੀੜਤ ਨੂੰ ਗ੍ਰਿਫ਼ਤਾਰ ਕਰਨਾ ਜਾਂ ਗ਼ਲਤ-ਆਚਰਣ ਤੋਂ ਧਿਆਨ ਹਟਾਉਣ, ਜਾਇਜ਼ ਠਹਿਰਾਉਣ ਜਾਂ ਛੁਪਾਉਣ ਲਈ ਕਿਸੇ ਅਪਰਾਧ ਦੇ ਦੋਸ਼ ਲਗਾਉਣਾ।

## ਗ਼ਲਤ-ਆਚਰਣ ਵਿੱਚ ਸ਼ਾਮਲ ਹੋਣ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ

ਜੇਕਰ ਪੁਲਿਸ ਕਰਮਚਾਰੀ ਗ਼ਲਤ-ਆਚਰਣ ਵਿੱਚ ਸ਼ਾਮਲ ਹੁੰਦੇ ਹਨ ਤਾਂ ਉਹਨਾਂ 'ਤੇ ਅਨੁਸ਼ਾਸਨੀ ਕਾਰਵਾਈਆਂ ਜਿਵੇਂ ਕਿ ਤਾੜਨਾ, ਮੁਅੱਤਲੀ, ਜੁਰਮਾਨਾ ਜਾਂ ਬਰਖ਼ਾਸਤਗੀ ਹੋ ਸਕਦੀਆਂ ਹਨ। ਗੰਭੀਰ ਅਪਰਾਧਾਂ ਕਾਰਨ ਅਪਰਾਧਿਕ ਦੋਸ਼ ਵੀ ਲੱਗ ਸਕਦੇ ਹਨ।



# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਸਵਾਲ:
## ਜੇਕਰ ਮੈਂ IBAC ਨੂੰ ਸ਼ਿਕਾਇਤ ਕਰਦਾ/ਦੀ ਹਾਂ ਤਾਂ ਕੀ ਮੈਂ ਵਿਕਟੋਰੀਆ ਪੁਲਿਸ ਵਿੱਚ ਆਪਣੀ ਨੌਕਰੀ ਜਾਰੀ ਰੱਖ ਸਕਦਾ/ਦੀ ਹਾਂ?

ਜਵਾਬ: ਹਾਂ। IBAC ਨੂੰ ਸ਼ਿਕਾਇਤ ਕੀਤੇ ਜਾਣਾ ਤੁਹਾਨੂੰ ਵਿਕਟੋਰੀਆ ਪੁਲਿਸ ਵਿੱਚ ਤੁਹਾਡੀਆਂ ਡਿਊਟੀਆਂ ਨਿਭਾਉਣ ਤੋਂ ਨਹੀਂ ਰੋਕਦਾ ਹੈ। ਜੇਕਰ ਤੁਹਾਨੂੰ ਪੁਲਿਸ ਦੇ ਆਚਰਣ ਬਾਰੇ ਸੱਚਮੁੱਚ ਚਿੰਤਾ ਹੈ ਤਾਂ ਤੁਹਾਨੂੰ ਸ਼ਿਕਾਇਤ ਕਰਨ ਦਾ ਅਧਿਕਾਰ ਹੈ। ਅਸਲ ਵਿੱਚ, ਜੇਕਰ ਤੁਸੀਂ ਕੋਈ ਪੁਲਿਸ ਅਧਿਕਾਰੀ ਜਾਂ ਸੁਰੱਖਿਆ ਸੇਵਾਵਾਂ ਦੇ ਅਧਿਕਾਰੀ ਹੋ, ਤਾਂ ਤੁਹਾਨੂੰ ਕਿਸੇ ਵੀ ਸ਼ੱਕੀ ਗ਼ਲਤ-ਆਚਰਣ ਦੀ ਰਿਪੋਰਟ ਲਾਜ਼ਮੀ ਕਰਨੀ ਚਾਹੀਦੀ ਹੈ। ਇਹ ਯਕੀਨੀ ਬਣਾਉਣ ਲਈ ਕਾਨੂੰਨੀ ਸੁਰੱਖਿਆਵਾਂ ਮੌਜੂਦ ਹਨ ਕਿ ਤੁਹਾਡੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਪਬਲਿਕ ਇੰਟਰਸਟ ਡਿਸਕਲੋਜ਼ਰ ਐਕਟ 2012 ਦੇ ਤਹਿਤ ਨਤੀਜੇ ਵਜੋਂ ਤੁਹਾਡੇ ਨਾਲ ਅਨੁਚਿਤ ਵਿਵਹਾਰ ਨਹੀਂ ਕੀਤਾ ਗਿਆ ਹੈ।

## ਸਵਾਲ: ਜੇਕਰ IBAC ਦੁਆਰਾ ਮੇਰੀ ਜਾਂਚ ਕੀਤੀ ਜਾ ਰਹੀ ਹੈ ਤਾਂ ਕੀ ਮੈਂ ਵਿਕਟੋਰੀਆ ਪੁਲਿਸ ਵਿੱਚ ਆਪਣੀ ਨੌਕਰੀ ਜਾਰੀ ਰੱਖ ਸਕਦਾ/ਦੀ ਹਾਂ ?

ਜਵਾਬ: ਇਹ ਹਾਲਾਤਾਂ ‘ਤੇ ਨਿਰਭਰ ਕਰਦਾ ਹੈ। ਜੇਕਰ ਤੁਹਾਡੀ ਜਾਂਚ IBAC ਦੁਆਰਾ ਕੀਤੀ ਜਾ ਰਹੀ ਹੈ ਤਾਂ ਵਿਕਟੋਰੀਆ ਪੁਲਿਸ ਇਹ ਨਿਰਧਾਰਿਤ ਕਰੇਗੀ ਕਿ ਕੀ ਤੁਸੀਂ ਆਪਣੀ ਨੌਕਰੀ ਕਰਨ ਦੇ ਯੋਗ ਹੋ ਜਾਂ ਨਹੀਂ।

ਜੇਕਰ ਲੋੜ ਪਈ ਤਾਂ ਵਿਕਟੋਰੀਆ ਪੁਲਿਸ ਜਾਂਚ ਦੌਰਾਨ ਤੁਹਾਨੂੰ ਹੋਰ ਕੋਈ ਡਿਊਟੀਆਂ ਸੌਂਪਣ ਦਾ ਫ਼ੈਸਲਾ ਕਰ ਸਕਦੀ ਹੈ ਜਾਂ ਜੇਕਰ ਜਾਂਚ ਗੰਭੀਰ ਕਿਸਮ ਦੀ ਹੈ ਅਤੇ ਜਨਤਾ ਜਾਂ ਵਿਕਟੋਰੀਆ ਪੁਲਿਸ ਲਈ ਜ਼ੋਖਮ ਹੈ ਤਾਂ ਤੁਹਾਡੀਆਂ ਕਾਰਜਸ਼ੀਲ ਡਿਊਟੀਆਂ ਨੂੰ ਹਟਾਉਣ ਦਾ ਫ਼ੈਸਲਾ ਕਰ ਸਕਦੀ ਹੈ।

## ਸਵਾਲ: ਜੇਕਰ IBAC ਦੁਆਰਾ ਮੇਰੀ ਜਾਂਚ ਕੀਤੀ ਜਾ ਰਹੀ ਹੈ, ਤਾਂ ਕੀ ਮੈਨੂੰ IBAC ਜਾਂਚਕਾਰਾਂ ਦੁਆਰਾ ਕੀਤੀ ਜਾ ਰਹੀ ਇੰਟਰਵਿਊ ਵਿੱਚ ਹਿੱਸਾ ਲੈਣ ਲਈ ਮਜਬੂਰ ਕੀਤਾ ਜਾ ਸਕਦਾ ਹੈ?

ਜਵਾਬ: ਹਾਂ। ਵਿਕਟੋਰੀਆ ਪੁਲਿਸ ਦੇ ਕਰਮਚਾਰੀ ਹੋਣ ਦੇ ਨਾਤੇ IBAC ਦੁਆਰਾ ਜਾਂਚ ਕੀਤੇ ਜਾਣ ਸਮੇਂ, ਤੁਹਾਨੂੰ IBAC ਨਾਲ ਇੰਟਰਵਿਊ ਵਿੱਚ ਹਿੱਸਾ ਲੈਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਜਦੋਂ ਅਜਿਹਾ ਕਰਨ ਦੀ ਲੋੜ ਹੁੰਦੀ ਹੈ ਤਾਂ ਇੰਟਰਵਿਊ ਵਿੱਚ ਹਿੱਸਾ ਲੈਣ ਵਿੱਚ ਅਸਫ਼ਲ ਰਹਿਣ ਕਾਰਨ ਅਨੁਸ਼ਾਸਨੀ ਕਾਰਵਾਈ ਹੋ ਸਕਦੀ ਹੈ।

## ਸਵਾਲ: ਜੇਕਰ ਮੇਰੇ ‘ਤੇ ਭ੍ਰਿਸ਼ਟ ਆਚਰਣ ਜਾਂ ਪੁਲਿਸ ਸੰਬੰਧੀ ਗ਼ਲਤ-ਆਚਰਣ ਕਰਨ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ, ਤਾਂ ਕਿਹੜੀਆਂ ਕਿਸਮਾਂ ਦੀਆਂ ਇੰਟਰਵਿਊਆਂ ਹੋ ਸਕਦੀਆਂ ਹਨ?

ਜਵਾਬ: ਵਿਕਟੋਰੀਆ ਪੁਲਿਸ ਵਿੱਚ ਤੁਹਾਡੀ ਭੂਮਿਕਾ ਅਤੇ ਜਾਂਚ ਦੇ ਹਾਲਾਤਾਂ ਦੇ ਆਧਾਰ ‘ਤੇ ਤੁਹਾਨੂੰ ਵੱਖ-ਵੱਖ ਕਿਸਮਾਂ ਦੀਆਂ ਇੰਟਰਵਿਊਆਂ ਵਿੱਚ ਹਿੱਸਾ ਲੈਣ ਦੀ ਲੋੜ ਹੋ ਸਕਦੀ ਹੈ। ਇਹਨਾਂ ਵਿੱਚ ਸ਼ਾਮਲ ਹਨ:

- ਇੱਕ ਅਣਇੱਛਤ ਇੰਟਰਵਿਊ ਜਿੱਥੇ ਪੁਲਿਸ ਅਧਿਕਾਰੀ ਅਤੇ ਸੁਰੱਖਿਆ ਸੇਵਾਵਾਂ ਦੇ ਅਧਿਕਾਰੀ **ਖੁਦਮੁਖਤਿਆਰ ਵਿਆਪਕ-ਅਧਾਰਿਤ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ ਐਕਟ 2011** ਦੀ ਧਾਰਾ 84 ਦੇ ਅਧੀਨ ਇੱਕ ਸ਼ਕਤੀ ਦੇ ਅਧੀਨ ਹੁੰਦੇ ਹਨ ਜਿਸ ਵਿੱਚ ਉਹਨਾਂ ਨੂੰ ਜਾਣਕਾਰੀ ਅਤੇ ਦਸਤਾਵੇਜ਼ ਪ੍ਰਦਾਨ ਕਰਨ ਅਤੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਹੁੰਦੀ ਹੈ।
- ਇੱਕ ਅਣਇੱਛਤ ਨਿੱਜੀ ਜਾਂ ਜਨਤਕ ਪ੍ਰੀਖਿਆ ਜਿੱਥੇ ਕਿਸੇ ਵੀ ਵਿਕਟੋਰੀਆ ਪੁਲਿਸ ਕਰਮਚਾਰੀ ਨੂੰ ਗਵਾਹ ਵਜੋਂ ਬੁਲਾਇਆ ਜਾ ਸਕਦਾ ਹੈ
- ਮੁਕੱਦਮੇ ਵਿੱਚ ਸਵੀਕਾਰਯੋਗਤਾ ਨੂੰ ਯਕੀਨੀ ਬਣਾਉਣ ਲਈ ਕ੍ਰਾਈਮਜ਼ ਐਕਟ 1958 ਦੇ ਤਹਿਤ ਇੱਕ ਸਵੈ-ਇੱਛਤ ਅਪਰਾਧਿਕ ਇੰਟਰਵਿਊ ਕੀਤੇ ਜਾਣ ਲਈ।

## ਸਵਾਲ: ਜੇਕਰ ਮੈਂ ਪੁਲਿਸ ਦੇ ਗ਼ਲਤ-ਆਚਰਣ ਦਾ ਗਵਾਹ ਹਾਂ, ਤਾਂ ਕੀ ਮੈਨੂੰ IBAC ਜਾਂਚਕਾਰਾਂ ਦੁਆਰਾ ਕੀਤੀ ਇੰਟਰਵਿਊ ਵਿੱਚ ਹਿੱਸਾ ਲੈਣਾ ਪਵੇਗਾ?

ਜਵਾਬ: ਵਿਕਟੋਰੀਆ ਪੁਲਿਸ ਦੇ ਕਰਮਚਾਰੀ ਹੋਣ ਦੇ ਨਾਤੇ, ਜੇਕਰ ਤੁਸੀਂ ਪੁਲਿਸ ਦੇ ਗ਼ਲਤ-ਆਚਰਣ ਦੇ ਗਵਾਹ ਹੋ ਤਾਂ ਤੁਹਾਨੂੰ ਇੱਕ ਬਿਆਨ ਦੇਣ ਲਈ ਕਿਹਾ ਜਾ ਸਕਦਾ ਹੈ ਜਾਂ IBAC ਜਾਂਚਕਾਰਾਂ ਦੁਆਰਾ ਕੀਤੀ ਇੰਟਰਵਿਊ ਵਿੱਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ।

## ਪੁਲਿਸ ਦੇ ਗ਼ਲਤ-ਆਚਰਣ ਦੀ ਰਿਪੋਰਟ ਕਰਨਾ ਤੁਹਾਡੀ ਡਿਊਟੀ ਹੈ।

**ਜੇਕਰ ਤੁਹਾਡੇ ਕੋਲ ਵਿਕਟੋਰੀਆ ਪੁਲਿਸ ਵਿੱਚ ਗ਼ਲਤ-ਆਚਰਣ ਕੀਤੇ ਜਾਣ ਦੇ ਸ਼ੱਕ ਹੋਣ ਦਾ ਕੋਈ ਕਾਰਨ ਹੈ, ਤਾਂ ਤੁਹਾਨੂੰ ਇਸਦੀ ਰਿਪੋਰਟ IBAC ਨੂੰ ਕਰਨੀ ਚਾਹੀਦੀ ਹੈ।**

ਰਿਪੋਰਟ ਕਰਨ ਲਈ **www.ibac.vic.gov.au** ‘ਤੇ ਜਾ ਕੇ ਸੁਰੱਖਿਅਤ ਔਨਲਾਈਨ ਫਾਰਮ ਭਰੋ।

ਜੇਕਰ ਤੁਹਾਨੂੰ ਔਨਲਾਈਨ ਫਾਰਮ ਤੱਕ ਪਹੁੰਚ ਕਰਨ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਹੋਰ ਸਹਾਇਤਾ ਲਈ ਸਾਨੂੰ 1300 735 135 ‘ਤੇ ਫ਼ੋਨ ਕਰੋ।

Interpreter

ਜੇਕਰ ਤੁਹਾਨੂੰ ਅਨੁਵਾਦ ਕਰਨ ਵਿੱਚ ਮੱਦਦ ਦੀ ਲੋੜ ਹੈ, ਤਾਂ 13 14 50 ‘ਤੇ ਟ੍ਰਾਂਸਲੇਟਿੰਗ ਅਤੇ ਇੰਟਰਪ੍ਰੇਟਿੰਗ ਸਰਵਿਸ ਨੂੰ ਫ਼ੋਨ ਕਰੋ ਜਾਂ **www.ibac.vic.gov.au/mylanguage** ‘ਤੇ ਜਾਓ।